# ਡਾਇਰੈਕਟਰ , ਸਿੱਖਿਆ ਭਰਤੀ ਡਾਇਰੈਕਟੋਰੇਟ , ਪੰਜਾਬ

**ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ(ਮਾਈਕਰੋਸਾਫਟ ਬਿਲਡਿੰਗ),**

**ਫੇਸ -3ਬੀ-1, ਐਸ .ਏ. ਐਸ ਨਗਰ।**

Website: www.educationrecruitmentboard.com

---

ਮੀਮੋ ਨੰ : 05/01-2020ਭਡ(1)/2021954 ਮਿਤੀ : 01/01/2021

## ਪਬਲਿਕ ਨੋਟਿਸ

**ਸਿੱਖਿਆ ਭਰਤੀ, ਡਾਇਰੈਕਟੋਰੇਟ ਪੰਜਾਬ ਵਲੋ ਮਿਤੀ 6-3-2020 ਨੂੰ 2364 ਈ ਟੀ ਟੀ ਅਧਿਆਪਕਾਂ ਦੀਆਂ ਪੋਸਟਾਂ ਭਰਨ ਸਬੰਧੀ ਵਿਗਿਆਪਨ ਦਿੱਤਾ ਗਿਆ ਸੀ,** ਵਿਗਿਆਪਨ ਦੀ ਸ਼ਰਤਾਂ ਅਨੁਸਾਰ ਇਹਨਾਂ ਅਸਾਮੀਆਂ ਦਾ ਮਿਤੀ 29.11.2020 ਨੂੰ ਵਿਭਾਗੀ ਟੈਸਟ ਲੈਣ ਉਪਰੰਤ ਵਿਭਾਗ ਵੱਲੋਂ ਆਰਜ਼ੀ ਨਤੀਜਾ ਘੋਸ਼ਿਤ ਕਰ ਦਿੱਤਾ ਗਿਆ ਸੀ। ਉਮੀਦਵਾਰਾਂ ਵੱਲੋਂ ਟੈਸਟ ਵਿੱਚੋਂ ਪ੍ਰਾਪਤ ਅੰਕ, ਉਚੇਰੀ ਯੋਗਤਾ ਦੇ ਬਣਦੇ ਅੰਕ ਅਤੇ ਸਿੱਖਿਆ ਪ੍ਰੋਵਾਈਡਰ/ਐਜੂਕੇਸ਼ਨ ਪ੍ਰੋਵਾਈਡਰ/ਐਜੂਕੇਸ਼ਨ ਵਲੰਟੀਅਰ, ਈ.ਜੀ.ਐਸ ਵਲੰਟੀਅਰ, ਏ.ਆਈ.ਈ. ਵਲੰਟੀਅਰਜ ਓਤੇ ਸਪੈਸ਼ਲ ਟ੍ਰੇਨਿੰਗ ਰਿਸੋਰਸ (STR) ਵਲੰਟੀਅਰਜ ਵੱਲੋਂ ਤਜਰਬੇ ਦੇ ਬਣਦੇ ਅੰਕ ਜੋੜ ਕੇ ਪ੍ਰੋਵੀਜਨਲ ਮੈਰਿਟ ਸੂਚੀ ਤਿਆਰ ਕੀਤੀ ਗਈ ਹੈ ਅਤੇ ਇਸ ਤੋ ਇਲਾਵਾ ਮਿਤੀ 16.12.2020 ਤੋਂ ਮਿਤੀ 24.12.2020 ਤੱਕ ਹੋਈ ਸਕਰੂਟਨੀ ਵਿੱਚ ਗੈਰ-ਹਾਜ਼ਰ ਰਹੇ ਉਮੀਦਵਾਰਾਂ ਨੂੰ ਇੱਕ ਹੋਰ ਮੋਕਾ ਦਿੰਦੇ ਹੋਏ ਆਪਣੇ ਅਸਲ ਦਸਤਾਵੇਜਾਂ ਦੀ ਸਕਰੂਟਨੀ ਲਈ ਦਫਤਰ ਡਾਇਰੈਕਟਰ, ਸਿੱਖਿਆ ਭਰਤੀ ਡਾਇਰੈਕਟੋਰੇਟ ਪੰਜਾਬ (ਮਾਈਕ੍ਰੋਸਾਫਟ ਬਿਲਡਿੰਗ) ਫੇਜ਼ 3-ਬੀ-1 ਸਾਹਿਬਜਾਦਾ ਅਜੀਤ ਸਿੰਘ ਨਗਰ, ਮੋਹਾਲੀ ਵਿਖੇ ਮਿਤੀ 06.01.2021 ਨੂੰ ਸਵੇਰੇ 9:30 ਵਜੇ ਤੋਂ ਸ਼ਾਮ 5 ਵਜੇ ਤੱਕ ਸੱਦਾ ਦਿੱਤਾ ਜਾਂਦਾ ਹੈ। ਉਮੀਦਵਾਰਾਂ ਦੀ ਲਿਸਟ ਵਿਭਾਗ ਦੀ ਵੈਬਸਾਈਟ www.educationrecruitmentboard.com ਤੇ ਅਪਲੋਡ ਕਰ ਦਿੱਤੀ ਗਈ ਹੈ।

01/01/2021

ਸਹਾਇਕ ਡਾਇਰੈਕਟਰ

ਸਿੱਖਿਆ ਭਰਤੀ ਡਾਇਰੈਕਟੋਰੇਟ, ਪੰਜਾਬ